10280
5-9-18

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ. ਨਗਰ
(ਆਡਿਟ ਸੈਲ)

ਵੱਲ

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਅੰਮ੍ਰਿਤਸਰ, ਸੰਗਰੂਰ, ਤਰਨਤਾਰਨ, ਮੋਗਾ।

ਮੀਮੋ ਨੰ: 25/3-2018 ਬ(6) /2018402391. ਮਿਤੀ: 05-09-18

ਵਿਸ਼ਾ: ਪੈਨਸ਼ਨ ਕੇਸਾਂ ਦੇ ਨਿਪਟਾਰੇ ਸਬੰਧੀ।

ਹਵਾਲਾ: ਇਸ ਦਫਤਰ ਦੇ ਮੀਮੋ ਨੰ: 25/3-2018 ਬ(6)/854 ਮਿਤੀ 01-03-2018 ਅਤੇ 20-3-2018 ਅਤੇ 11-7-2018 ਦੇ ਸਬੰਧ ਵਿੱਚ।

ਉਪਰੋਕਤ ਵਿਸੇ ਦੇ ਸਬੰਧ ਵਿਚ ਹਵਾਲਾ ਅਧੀਨ ਪੱਤਰਾਂ ਰਾਹੀਂ ਮਾਨਯੋਗ ਸਿੱਖਿਆ ਸਕੱਤਰ ਜੀ ਵਲੋਂ ਪੈਨਸ਼ਨ ਕੇਸਾਂ ਦੇ ਨਿਪਟਾਰੇ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਰਿਟਾਇਰੀਆਂ ਦੇ ਕੇਸ ਸਮੇਂ ਸਿਰ ਮਹਾਂਲੇਖਾਕਾਰ, ਪੰਜਾਬ ਅਤੇ ਸਬੰਧਤ ਖਜ਼ਾਨਾ ਅਫਸਰਾਂ ਨੂੰ ਸਮੇਂ ਸਿਰ ਨਹੀਂ ਭੇਜੇ ਜਾਂਦੇ ਜਿਸ ਕਾਰਨ ਰਿਟਾਇਰਡ ਕਰਮਚਾਰੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਨ੍ਹਾਂ ਵਲੋਂ ਇਸ ਸਬੰਧੀ ਅਦਾਲਤਾਂ ਵਿੱਚ ਕੇਸ ਦਾਇਰ ਕੀਤੇ ਜਾਂਦੇ ਹਨ ਜਿਸ ਨਾਲ ਵਿਭਾਗ ਅਤੇ ਅਦਾਲਤਾਂ ਦਾ ਕਾਫੀ ਸਮਾਂ ਬਰਬਾਦ ਹੁੰਦਾ ਹੈ ਅਤੇ ਉਨ੍ਹਾਂ ਵਲੋਂ ਇਹ ਵੀ ਲਿਖਿਆ ਗਿਆ ਸੀ ਕਿ 31-12-2017 ਤੱਕ ਰਿਟਾਇਰ ਹੋਏ ਕਰਮਚਾਰੀਆਂ ਦੇ ਕੇਸ ਹਰ ਪੱਖੋਂ ਮੁਕੰਮਲ ਕਰਨ ਉਪਰੰਤ ਸਬੰਧਤ ਅਥਾਰਟੀ (ਮਹਾਂਲੇਖਾਕਾਰ, ਪੰਜਾਬ/ਖਜਾਨਾ ਅਫਸਰ) ਨੂੰ ਭੇਜੇ ਜਾਣ। ਇਸ ਸਬੰਧੀ ਮਿਤੀ 31-03-2018 ਤੱਕ ਸਰਟੀਫਿਕੇਟ ਦੇਣ ਲਈ ਲਿਖਿਆ ਗਿਆ ਸੀ। ਇਸ ਸਬੰਧੀ ਆਪ ਨੂੰ ਕਈ ਵਾਰ ਟੈਲੀਫੋਨ ਵੀ ਕੀਤੇ ਗਏ ਹਨ ਪ੍ਰੰਤੂ ਆਪ ਵਲੋਂ ਇਸ ਸਬੰਧੀ ਲੋੜੀਂਦੀ ਕਾਰਵਾਈ ਕਰਨ ਉਪਰੰਤ ਕੋਈ ਵੀ ਸਰਟੀਫਿਕੇਟ/ਸੂਚਨਾ ਇਸ ਦਫਤਰ ਨੂੰ ਨਹੀਂ ਭੇਜੀ ਗਈ।

2. ਹੁਣ ਆਪ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਅਨੁਸਾਰ ਮੰਗੀ ਗਈ ਸੂਚਨਾ ਮਿਤੀ 5-9-2018 ਤੱਕ ਬਜਟ ਸਾਖਾ ਦੀ ਈਮੇਲ ਆਈ.ਡੀ supdtbudgetdpise@gmail.com ਤੇ ਭੇਜੀ ਜਾਵੇ ਤਾਂ ਜੋ ਮਾਨਯੋਗ ਸਿੱਖਿਆ ਸਕੱਤਰ ਜੀ ਨੂੰ ਇਸ ਸਬੰਧੀ ਜਾਣੂ ਕਰਵਾਇਆ ਜਾ ਸਕੇ।ਆਪ ਵਲੋਂ ਇਸ ਸਟੇਜ਼ ਤੇ ਜੇਕਰ ਹੁਣ ਇਹ ਸੂਚਨਾ ਨਹੀਂ ਭੇਜੀ ਗਈ ਤਾਂ ਇਸ ਸਬੰਧੀ ਉੱਚ ਅਧਿਕਾਰੀਆਂ ਦੇ ਧਿਆਨ ਵਿਚ ਲਿਆ ਦਿੱਤਾ ਜਾਵੇਗਾ। ਦੇਰੀ ਲਈ ਨਿਕਲਣ ਵਾਲੇ ਸਿੱਟਿਆ ਦੀ ਜਿੰਮੇਵਾਰੀ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਦੀ ਹੋਵੇਗੀ।

ਡਿਪਟੀ ਕੰਟਰੋਲਰ(ਵਿ ਤੇ ਲੇ)

ਪਿਠ ਅੰਕਣ ਨੰ. ਉਕਤ ਮਿਤੀ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ।
2. ਜਿ.ਸਿ.ਅ (ਸੈ.ਸਿ) ਸ੍ਰੀ ਮੁਕਤਸਰ ਸਾਹਿਬ ਨੂੰ ਉਨ੍ਹਾਂ ਦੇ ਪੱਤਰ ਨੰ. 37/10-2018 (ਅ-7)/4054-55 ਮਿਤੀ 28-3-2018 ਦੇ ਸਬੰਧ ਵਿਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਵਲੋਂ ਕੇਵਲ 80 ਸਕੂਲਾਂ ਦੀ ਰਿਪੋਰਟ ਭੇਜੀ ਗਈ ਹੈ, ਸਾਰੇ 150 ਸਕੂਲਾਂ ਦੀ ਮੁਕੰਮਲ ਰਿਪੋਰਟ ਭੇਜੀ ਜਾਵੇ।ਸ੍ਰੀ ਧਰਮ ਸਿੰਘ ਸਸ ਮਾਸਟਰ ਸਸਸ ਕੋਟਲੀ ਅਬਲੂ ਅਤੇ ਸ੍ਰੀ ਜ਼ਸਕਰਨ ਸਿੰਘ, ਸੇਵਾਦਾਰ ਸਹਸ ਛੱਤੀਆਣਾ ਦੇ ਸਬੰਧ ਵਿਚ ਤਾਜਾ ਸਥਿਤੀ ਬਾਰੇ ਇਸ ਦਫਤਰ ਨੂੰ ਤੁਰੰਤ ਰਿਪੋਰਟ ਭੇਜੀ ਜਾਵੇ।

ਡਿਪਟੀ ਕੰਟਰੋਲਰ(ਵਿ ਤੇ ਲੇ)